# ਕਲਾਇੰਟ ਆਬਾਦੀਆਂ



## ਆਦਿਵਾਸੀ ਸੰਭਾਲ

ਕਿਸੇ ਵੇਲੇ ਆਦਿਵਾਸੀ ਮਿਡਵਾਈਵਜ਼ ਟਰਟਲ ਆਈਲੈਂਡ (ਕੈਨੇਡਾ) ਦੇ ਹਰ ਆਦਿਵਾਸੀ ਭਾਈਚਾਰੇ ਦਾ ਇਕ ਮਹੱਤਵਪੂਰਨ ਆਧਾਰ ਸਨ। ਸਾਲਾਂ ਬੱਧੀ ਬਸਤੀਵਾਦ ਅਤੇ ਜਜ਼ਬ ਕੀਤੇ ਜਾਣ ਤੋਂ ਬਾਅਦ, ਆਦਿਵਾਸੀ ਮਿਡਵਾਈਵਜ਼ ਦੇ ਰੋਲ ਨੂੰ ਕਮਜ਼ੋਰ ਕਰ ਦਿੱਤਾ ਗਿਆ, ਜਿਸ ਨੇ ਸਭਿਆਚਾਰ ਦੀ ਰੱਖਿਆ ਅਤੇ ਗਰਭ ਅਵਸਥਾ ਅਤੇ ਨਵਜੰਮੇ ਬੱਚੇ ਦੀ ਸਿਹਤ ਉੱਪਰ ਦੁਖਦਾਈ ਅਸਰ ਪਾਇਆ।

ਅਲਬਰਟਾ ਐਸੋਸੀਏਸ਼ਨ ਔਫ ਮਿਡਵਾਈਵਜ਼, ਸਾਡੇ ਆਦਿਵਾਸੀ ਮੈਂਬਰਾਂ ਅਤੇ ਭਾਈਚਾਰਿਆਂ ਦੀ ਮਦਦ ਲਈ ਕਦਮ ਚੁੱਕ ਕੇ, ਆਦਿਵਾਸੀ ਮਿਡਵਾਈਫਰੀ ਦੇ ਮੁੜ ਉਭਾਰ ਅਤੇ ਇਸ ਨੂੰ ਹਾਸਲ ਕਰਨ ਲਈ ਲੋੜੀਂਦੀ ਸਭਿਆਚਾਰਕ ਤਬਦੀਲੀ ਦੀ ਮਦਦ ਕਰਕੇ ਬਸਤੀਵਾਦ ਵਿਰੁੱਧ ਸਰਗਰਮੀ ਨਾਲ ਕੰਮ ਕਰ ਰਹੀ ਹੈ।

ਆਦਿਵਾਸੀ ਮਿਡਵਾਈਵਜ਼ ਪੇਂਡੂ ਅਤੇ ਸ਼ਹਿਰੀ ਇਲਾਕਿਆਂ ਵਿਚ ਸਿਹਤਮੰਦ ਅਤੇ ਸੁਰੱਖਿਅਤ ਆਦਿਵਾਸੀ ਭਾਈਚਾਰੇ ਉਸਾਰਨ ਵਿਚ ਇਕ ਮੁੱਖ ਰੋਲ ਨਿਭਾਉਂਦੀਆਂ ਹਨ। ਅਲਬਰਟਾ ਵਿਚ, ਤਕਰੀਬਨ 10 ਆਦਿਵਾਸੀ ਮਿਡਵਾਈਵਜ਼ ਹਨ ਜੋ ਆਦਿਵਾਸੀ ਭਾਈਚਾਰਿਆਂ ਵਿਚ "ਜਨਮ ਘਰ ਵਿਚ ਕਰਾਉਣ" ਦੇ ਮਹੱਤਪਵੂਰਨ ਕੰਮ ਵਿਚ ਸ਼ਾਮਲ ਹਨ ਅਤੇ ਸਭਿਆਚਾਰਕ ਤੌਰ 'ਤੇ ਢੁਕਵੀਂ ਸੰਭਾਲ ਦੇ ਰਹੀਆਂ ਹਨ ਜਿਹੜੀ ਸੰਭਾਲ ਆਦਿਵਾਸੀ ਲੋਕਾਂ, ਜ਼ਬਾਨਾਂ, ਜ਼ਬਾਨੀ ਦੱਸੇ ਹੋਏ ਸਭਿਆਚਾਰਾਂ ਅਤੇ ਰਵਾਇਤਾਂ ਦਾ ਆਦਰ ਕਰਦੀ ਹੈ। ਇਸ ਦੇ ਇਲਾਵਾ, ਕਈ ਗੈਰ-ਆਦਿਵਾਸੀ ਮਿਡਵਾਈਵਜ਼ ਹਨ ਜਿਹੜੀਆਂ ਫਸਟ ਨੇਸ਼ਨਜ਼ ਰੀਜ਼ਰਵਾਂ ਉੱਪਰ ਕੇਅਰ ਦੇ ਰਹੀਆਂ ਹਨ।

## 2 ਐੱਸ ਐੱਲ ਜੀ ਬੀ ਟੀ ਕਿਊ+ਕੇਅਰ

ਅਲਬਰਟਾ ਵਿਚ ਸੰਭਾਲ ਦਾ ਮਿਡਵਾਈਫਰੀ ਮਾਡਲ ਉਨ੍ਹਾਂ ਵੱਖ ਵੱਖ ਰੂਪਾਂ ਦਾ ਆਦਰ ਕਰਨ ਅਤੇ ਉਨ੍ਹਾਂ ਨੂੰ ਮਾਨਤਾ ਦੇਣ ਲਈ ਵਚਨਬੱਧ ਹੈ ਜਿਨ੍ਹਾਂ ਨਾਲ ਪਰਿਵਾਰ ਬਣਾਇਆ ਅਤੇ ਚੁਣਿਆ ਜਾ ਸਕਦਾ ਹੈ, ਜਿਹੜਾ ਸਾਰੇ ਗਰਭਵਤੀ ਪਰਿਵਾਰਾਂ ਲਈ ਸਬੂਤ-ਆਧਾਰਿਤ, ਸੁਰੱਖਿਅਤ ਅਤੇ ਆਦਰ ਵਾਲੀ ਸੰਭਾਲ ਦੇ ਹੱਕ ਦੇ ਆਦਰ ਨੂੰ ਸ਼ਾਮਲ ਕਰਦਾ ਹੈ।

ਅਸੀਂ ਕੈਨੇਡੀਅਨ ਐਸੋਸੀਏਸ਼ਨ ਔਫ ਮਿਡਵਾਈਵਜ਼ ਦੇ ਉਸ ਬਿਆਨ ਨਾਲ ਇਕਸੁਰ ਹਾਂ ਜਿਹੜਾ ਸਾਰੇ ਲੋਕਾਂ ਦੇ ਹੱਕਾਂ ਦੀ ਹਾਮੀ ਭਰਦਾ ਹੈ ਭਾਵੇਂ ਲੋਕਾਂ ਦੀ ਲਿੰਗ ਜਾਂ ਕਾਮੁਕ ਪਛਾਣ ਕੋਈ ਵੀ ਹੋਵੇ ਅਤੇ ਇਸ ਵਿਚ ਟ੍ਰਾਂਸਜੈਂਡਰ, ਨੌਨ-ਬਾਇਨਰੀ, ਜੈਂਡਰਕਿਊਈਰ, ਟੂ-ਸਪਿਰਿਟ ਅਤੇ ਇੰਟਰਸੈਕਸ ਲੋਕ ਸ਼ਾਮਲ ਹਨ।

ਮਾਪੇਪੁਣੇ ਅਤੇ ਪਰਿਵਾਰ ਦੇ ਵਾਧੇ ਲਈ ਕਈ ਰਾਹ ਹਨ। ਅਸੀਂ ਤੁਹਾਡੇ ਸਫਰ ਦੀ ਕਦਰ ਕਰਦੇ ਹਾਂ ਚਾਹੇ ਇਸ ਵਿਚ ਗਰਭ, ਅਡੌਪਸ਼ਨ, ਸਪਰਮ ਜਾਂ ਐੱਗ ਦਾਨ, ਸਰੋਗੇਸੀ, ਕਈ-ਸਾਥੀ ਰਿਸ਼ਤੇ, ਕੋ-ਪੇਰੈਂਟਿੰਗ, ਰਲੇ-ਮਿਲੇ ਪਰਿਵਾਰ ਜਾਂ ਇਕੱਲਾ ਮਾਪਾ ਸ਼ਾਮਲ ਹੋਵੇ।

## ਪੇਂਡੂ ਇਲਾਕਿਆਂ ਵਿਚ ਕੇਅਰ

ਬਹੁਤ ਸਾਰੇ ਪੇਂਡੂ ਅਲਬਰਟਨਾਂ ਲਈ, ਗਰਭ ਦੌਰਾਨ ਘਰ ਦੇ ਨੇੜੇ ਸੁਰੱਖਿਅਤ, ਉੱਚ ਪੱਧਰ ਦੀ ਕੇਅਰ ਤੱਕ ਪਹੁੰਚ ਦੀ ਬਹੁਤ ਲੋੜ ਹੈ। ਪੇਂਡੂ ਮਾਹੌਲਾਂ ਵਿਚ ਬੱਚਾ ਪੈਦਾ ਕਰਨ ਲਈ ਬਹੁਤ ਦੂਰ ਜਾਣਾ, ਜਨਮ ਦੇਣ ਵਾਲੀ ਅਤੇ ਉਸ ਦੇ ਬੇਬੀ ਲਈ ਉਲਟੇ ਨਤੀਜੇ ਨਿਕਲਣ ਦੇ ਖਤਰੇ ਨੂੰ ਵਧਾਉਂਦਾ ਹੈ। ਇਹ ਖਤਰਾ ਮੌਸਮ ਦੇ ਬਹੁਤ ਖਰਾਬ ਹੋਣ ਦੌਰਾਨ ਹੋਰ ਵੀ ਵਧ ਜਾਂਦਾ ਹੈ, ਇਸ ਦੇ ਇਲਾਵਾ ਇਸ ਵਿਚ ਮਾਇਕ ਬੋਝ, ਬੇਲੋੜੀ ਦਖਲਅੰਦਾਜ਼ੀ, ਮਾਨਸਿਕ-ਸਮਾਜਿਕ ਤਣਾਅ ਅਤੇ ਇੱਥੋਂ ਤੱਕ ਕਿ ਸੜਕ ਉੱਪਰ ਹੀ ਡਲਿਵਰੀ ਵੀ ਸ਼ਾਮਲ ਹਨ।

ਬਦਕਿਸਮਤੀ ਨਾਲ, ਬਹੁਤ ਸਾਰੇ ਪੇਂਡੂ ਪਰਿਵਾਰਾਂ ਨੂੰ ਗਰਭ ਦੌਰਾਨ ਸੰਭਾਲ ਤੱਕ ਪਹੁੰਚ ਕਰਨ ਲਈ ਅਨੇਕਾਂ ਰੁਕਾਵਟਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ ਅਤੇ ਮਿਡਵਾਈਵਜ਼ ਨੂੰ ਪੇਂਡੂ ਮਾਹੌਲਾਂ ਵਿਚ ਬਹੁਤ ਸਾਰੀਆਂ ਵਿਲੱਖਣ ਚੁਣੌਤੀਆਂ ਹਨ। ਸੂਬਾਈ ਅਤੇ ਸਥਾਨਕ ਸਰਕਾਰਾਂ ਨਾਲ ਰਲ ਕੇ, ਅਲਬਰਟਾ ਐਸੋਸੀਏਸ਼ਨ ਔਫ ਮਿਡਵਾਈਵਜ਼ ਇਸ ਸਮੱਸਿਆ ਦਾ ਹੱਲ ਕਰਨ ਅਤੇ ਇਨ੍ਹਾਂ ਇਲਾਕਿਆਂ ਵਿਚ ਗਰਭ ਦੌਰਾਨ ਸੰਭਾਲ ਨੂੰ ਮਜ਼ਬੂਤ ਕਰਨ ਵਿਚ ਮਦਦ ਕਰਨ ਲਈ ਕੰਮ ਕਰ ਰਹੀ ਹੈ।

**ਮਿਡਵਾਈਵਜ਼ ਜਨਮ ਦੇਣ ਵਾਲੇ ਸਾਰੇ ਲੋਕਾਂ ਲਈ ਸੁਰੱਖਿਅਤ, ਵਿਆਪਕ, ਪਰਿਵਾਰ ਕੇਂਦਰਿਤ ਸੰਭਾਲ ਪ੍ਰਦਾਨ ਕਰਦੀ ਹੈ।**

1.833.502.2176
info@alberta-midwives.ca
www.alberta-midwives.ca

ALBERTA ASSOCIATION OF MIDWIVES